NEW SOUTH WALES
DEPARTMENT
OF EDUCATION
AND TRAINING

# Basic Skills Test
## ਬੁਨਿਆਦੀ ਕੁਸ਼ਲਤਾ ਇਮਤਿਹਾਨ

### Information sheet for parents and caregivers
### ਮਾਤਾ ਪਿਤਾ ਅਤੇ ਦੇਖਭਾਲ ਕਰਨ ਵਾਲੇ ਲਈ ਜਾਣਕਾਰੀ ਸ਼ੀਟ

Basic Skills Test Years 3 ਅਤੇ 5 ਦੇ ਸਾਰੇ ਵਿਦਿਆਰਥੀਆਂ ਲਈ ਹੈ ਅਤੇ ਇਹ ਹਰ ਸਾਲ ਅਗਸਤ ਦੇ ਮਹੀਨੇ ਲਿਆ ਜਾਂਦਾ ਹੈ । ਇਹ ਅੱਖਰ-ਗਿਆਨ ਅਤੇ ਸੰਖਿਆ-ਗਿਆਨ ਭਾਗਾਂ ਵਿਚ ਵੰਡਿਆ ਹੈ । ਅੱਖਰ-ਗਿਆਨ ਵਿਚ ਸ਼ਾਮਲ ਹੈ ਪੜ੍ਹਨਾ, ਭਾਸ਼ਾ ਦੀ ਵਰਤੋਂ ਅਤੇ ਸ਼ੁੱਧ ਵਿਸ਼੍ਰਾਮ-ਚਿੰਨ੍ਹ ਲਾਉਣ ਦੀ ਕਲਾ ਅਤੇ ਸ਼ਬਦ-ਜੋੜ ਦੀ ਪਛਾਣ । ਸੰਖਿਆ-ਗਿਆਨ ਵਿਚ ਸ਼ਾਮਲ ਹੈ ਸੰਖਿਆ , ਮਾਪ ਅਤੇ ਪੁਲਾੜ ।

Year 3 ਦੇ ਇਮਤਿਹਾਨ ਨੂੰ ਕਰੀਬ 100 ਮਿੰਟ ਲਗਦੇ ਹਨ ਅਤੇ Year 5 ਦੇ ਇਮਤਿਹਾਨ ਨੂੰ ਕਰੀਬ 120 ਮਿੰਟ ਲਗਦੇ ਹਨ । ਭਾਗਾਂ ਦੇ ਵਿਚਕਾਰ ਵਿਸ਼੍ਰਾਮ ਦਾ ਸਮਾਂ ਮਿਲਦਾ ਹੈ । ਉਨ੍ਹਾਂ ਵਿਦਿਆਰਥੀਆਂ ਲਈ ਜੋ ਨਜ਼ਰ ਤੋਂ ਕਮਜ਼ੋਰ ਹਨ , ਵੱਡੇ ਅੱਖਰਾਂ ਵਾਲਾ ਇਮਤਿਹਾਨ ਅਤੇ Braille (ਬ੍ਰੇਲ) ਉਪਲਬਧ ਹਨ ।

ਜੇ ਤੁਹਾਡੇ ਬੱਚੇ ਦੀ ਅੰਗਰੇਜੀ ਵਿਚ ਸਿਖਿਆ ਇੱਕ ਸਾਲ ਤੋਂ ਘੱਟ ਹੈ ਜਾਂ ਉਸਦੀ ਅੰਗਹੀਨਤਾ ਲਈ ਖਾਸ ਧਿਆਨ ਦੀ ਲੋੜ ਹੈ ਤਾਂ ਤੁਸੀਂ ਬੱਚੇ ਦੇ ਟੀਚਰ ਨਾਲ ਇਹ ਗੱਲ ਕਰੋ ਕਿ ਕੀ ਤੁਹਾਡੇ ਬੱਚੇ ਨੂੰ ਇਮਤਿਹਾਨ ਦੇਣਾ ਚਾਹੀਦਾ ਹੈ ।

ਇਮਤਿਹਾਨ ਵਿਚੋਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਮੂਲੰਕਣ ਉਪਰੰਤ ਅੱਖਰ-ਗਿਆਨ ਅਤੇ ਸੰਖਿਆ-ਗਿਆਨ ਵਿੱਚ ਵਿਦਿਆਰਥੀਆਂ ਦੀ ਸਫਲਤਾ ਦੇ ਵੇਰਵੇ ਲਈ ਵਰਤਿਆ ਜਾਵੇਗਾ । ਵਿਦਿਆਰਥੀ ਵਲੋਂ ਦਿੱਤੀ ਨਿਜੀ ਜਾਨਕਾਰੀ ਨੂੰ ਕਿਸੇ ਸਮੇਂ ਵੀ ਠੀਕ ਕਰਨ ਲਈ School Assessment and Reporting Directorate ਨੂੰ (02) 9707 6215. ਤੇ ਸੰਪਰਕ ਕਰੋ ।

ਇਮਤਿਹਾਨ ਦੇ ਨਤੀਜੇ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਹਰ ਵਿਦਿਆਰਥੀ ਕੀ ਕਰ ਸਕਦਾ ਹੈ ਅਤੇ ਇਹ ਸੰਕੇਤ ਵੀ ਪ੍ਰਾਪਤ ਹੋਂਦਾ ਹੈ ਕਿ ਕਿਥੇ ਕਿਸ ਵਿਦਿਆਰਥੀ ਨੂੰ ਮਦਦ ਦੀ ਲੋੜ ਹੈ ।

ਟਰਮ 4 ਦੇ ਸ਼ੁਰੂ ਵਿੱਚ ਹਰ ਬੱਚੇ ਦੇ ਮਾਤਾ ਪਿਤਾ ਅਤੇ ਦੇਖਭਾਲ ਕਰਨ ਵਾਲੇ ਨੂੰ ਬੱਚੇ ਦਾ ਨਿਜੀ ਨਤੀਜਾ ਮਿਲਦਾ ਹੈ । ਇਹ ਨਤੀਜਾ ਅੱਖਰ-ਗਿਆਨ ਅਤੇ ਸੰਖਿਆ-ਗਿਆਨ ਵਿਚ ਪ੍ਰਾਪਤ ਪੂਰੀ ਸਫਲਤਾ ਦਾ ਵਰਣਨ ਕਰਦਾ ਹੈ ਅਤੇ ਦਸਦਾ ਹੈ ਕਿ ਇਹ New South Wales ਦੇ ਵਿਦਿਆਰਥੀਆਂ ਦੇ ਅੱਖਰ-ਗਿਆਨ ਅਤੇ ਸੰਖਿਆ-ਗਿਆਨ ਵਿਚ ਪ੍ਰਾਪਤ ਪੂਰੀ ਸਫਲਤਾ ਨਾਲ ਮੁਕਾਬਲੇ ਵਿੱਚ ਕਿੱਥੇ ਹੈ । ਇਹ ਬੱਚੇ ਵੱਲੋਂ ਪੜ੍ਹਨ ਵਿਚ, ਭਾਸ਼ਾ ਅਤੇ ਸੰਖਿਆ-ਗਿਆਨ ਵਿੱਚ ਦਰਸ਼ਾਈ ਖਾਸ ਸਫਲਤਾ ਦਾ ਵਿਸਤਾਰ ਪੂਰਣ ਵਰਣਨ ਵੀ ਕਰਦਾ ਹੈ ।

ਆਪਣੇ ਬੱਚੇ ਦੇ Basic Skills Tests ਦੇਣ ਉਪਰੰਤ ਜੋ ਤੁਹਾਨੂੰ ਕੀਮਤੀ ਜਾਣਕਾਰੀ ਮਿਲਦੀ ਹੈ ਉਹ ਤੁਹਾਨੂੰ ਆਪਣੇ ਬੱਚੇ ਦੀ ਅੰਗਰੇਜੀ ਅੱਖਰ-ਗਿਆਨ ਅਤੇ ਸੰਖਿਆ-ਗਿਆਨ ਵਿਚ ਮਿਲੀ ਤਰੱਕੀ ਨੂੰ ਮੂਲਕੰਣ ਕਰਨ ਵਿਚ ਮਦਦ ਕਰਦੀ ਹੈ ।

New South Wales ਕਾਨੂੰਨ ਵੱਲੋਂ ਤੁਹਾਡੇ ਬੱਚੇ ਦਾ ਨਤੀਜਾ ਗੁਪਤ ਰਖਿਆ ਜਾਵੇਗਾ ਅਤੇ ਇਹ ਕਾਨੂੰਨ ਖਾਸ ਵਿਅਕਤੀਆਂ ਦੇ ਨਤੀਜੇ ਨੂੰ ਪ੍ਰਕਾਸ਼ਿਤ ਕਰਨ ਦੀ ਆਗਿਆ ਨਹੀਂ ਦਿੰਦਾ । ਇਹ ਕਾਨੂੰਨ ਸਕੂਲ ਦੇ ਨਤੀਜੇ ਨੂੰ ਕਿਸੇ ਵੀ ਖੁੱਲੇ ਰੂਪ ਵਿਚ ਪ੍ਰਗਟ ਹੋਣ ਵਿਚ ਰੋਕਦਾ ਹੈ ਜੋ ਸਕੂਲਾਂ ਦੇ ਦਰਜੇ ਜਾਂ ਖਾਸ ਸਕੂਲਾਂ ਦੇ ਨਤੀਜਿਆਂ ਦੀ ਤੁਲਨਾ ਕਰਦਾ ਹੋਵੇ ।

ਜੇ ਤੁਸੀਂ ਇਮਤਿਹਾਨ ਦੇ ਕੋਈ ਹਿੱਸੇ ਜਾਂ ਨਤੀਜੇ ਬਾਰੇ ਬੱਚੇ ਦੇ ਟੀਚਰ ਨਾਲ ਗੱਲ ਕਰਨ ਦੇ ਇੱਛੁਕ ਹੋਵੋ ਤਾਂ ਮੁਲਾਕਾਤ ਪੱਕੀ ਕਰਨ ਲਈ ਸਕੂਲ ਨੂੰ ਫੋਨ ਕਰੋ । ਜੇ ਤੁਹਾਨੂੰ ਮੁਲਾਕਾਤ ਪੱਕੀ ਕਰਨ ਵਿਚ ਮਦਦ ਲਈ ਦੋ-ਭਾਸ਼ੀਏ ਦੀ ਲੋੜ ਹੈ ਤਾਂ ਦੋ-ਭਾਸ਼ੀਆ ਸੇਵਾ ਨੂੰ 131 450 ਤੇ ਫੋਨ ਕਰੋ ਅਤੇ ਉਹ ਤੁਹਾਡੇ ਲਈ ਸਕੂਲ ਨੂੰ ਫੋਨ ਕਰਨਗੇ । ਜੇ ਤੁਸੀਂ ਚਾਹੋ ਤਾਂ ਸਕੂਲ ਮੁਲਾਕਾਤ ਸਮੇਂ ਮੋਕੇ ਤੇ ਦੋ-ਭਾਸ਼ੀਏ ਦਾ ਪ੍ਰਬੰਧ ਕਰੇਗਾ । ਇਹ ਸੇਵਾ ਤੁਹਾਨੂੰ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ ।

All content copyright
NSW Department of Education and Training
© March 2003

Punjabi